# ਹੋਰ ਬੱਚਿਆਂ ਲਈ ਬਿਹਤਰ ਸੇਵਾਵਾਂ

## ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚੇ ਅਤੇ ਨੌਂਜਵਾਨ
## ਸੇਵਾ ਫਰੇਮਵਰਕ ਅਤੇ ਸੇਵਾ ਵਰਣਨ ਸੰਖੇਪ

1 ਅਪ੍ਰੈਲ, 2022



British Columbia
Ministry of Children and Family Development

## ਵਿਸ਼ਾ ਸੂਚੀ


{| ~T k~{§ §n ÅwÜùy~wÑrüÄ S QRk Ñác y~o ùwU {Ñ~q vÑyv\ ........ 3

RÄn\ ~vùm~{ o t ~o \ v o ~........ 3

R{ûc Ü{Ç§ S ........ 3

T { {Ñ~q vÑyv\ m~VmÑ ........ 4

Äyã o ........ 4

{| ~T k~{§ §n ÅwÜùy~wÑrü ÑRk Ñác y~o ........ 5

{Ñ~mÅ S Qr§Ç S mù........ 6

{Ñ~y v j o ........ 7

qÖwÅ\ oä z o {f v ........ 7

Rp§ k~{Ñ~yù........ 8

{É~U {Ñ~yù........ 9

o k Åc Ñ........ 9

# ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਸੇਵਾ ਫਰੇਮਵਰਕ

ਜਦੋਂ ਕੋਈ ਬੱਚਾ ਜਾਂ ਨੌਜਵਾਨ ਵਿਕਾਸ ਸੰਬੰਧੀ ਜਾਂ ਕਾਰਜਾਤਮਕ ਲੋੜ, ਅਪਾਹਜਤਾ, ਜਾਂ ਦੇਰੀ ਦੀ ਸੰਭਾਵਨਾ ਦੇ ਸੰਕੇਤ ਦਿਖਾ ਰਿਹਾ ਹੈ, ਤਾਂ ਉਹਨਾਂ ਨੂੰ ਜਿੰਨੀ ਜਲਦੀ ਹੋ ਸਕੇ ਸਹਾਇਤਾ ਦੀ ਲੋੜ ਹੁੰਦੀ ਹੈ।

ਤਸ਼ਖ਼ੀਸ ਪ੍ਰਾਪਤ ਕਰਨਾ ਆਸਾਨ ਨਹੀਂ ਹੈ ਅਤੇ ਇਸ ਵਿੱਚ ਮਹੀਨੇ ਜਾਂ ਸਾਲ ਲੱਗ ਸਕਦੇ ਹਨ; ਬਹੁਤ ਸਾਰੇ ਬੱਚੇ ਸ਼ੁਰੂਆਤੀ ਦਖਲ ਸੇਵਾਵਾਂ ਅਤੇ ਸਹਾਇਤਾ ਲਈ ਕੀਮਤੀ ਸਮਾਂ ਗੁਆ ਦਿੰਦੇ ਹਨ। ਵਰਤਮਾਨ ਵਿੱਚ ਉਹ ਇੱਕ ਖਾਸ ਤਸ਼ਖੀਸ ਤੋਂ ਬਿਨਾਂ ਸੇਵਾਵਾਂ ਤੱਕ ਪਹੁੰਚ ਨਹੀਂ ਕਰ ਸਕਦੇ ਹਨ, ਅਤੇ ਇੱਕ ਤਸ਼ਖੀਸ ਦੇ ਨਾਲ ਵੀ, ਸੇਵਾਵਾਂ ਅਤੇ ਸਹਾਇਤਾ ਹਮੇਸ਼ਾ ਪਹੁੰਚਯੋਗ ਜਾਂ ਉਪਲਬਧ ਨਹੀਂ ਹਨ। ਬਹੁਤ ਸਾਰੇ ਇੰਡਿਜਨਸ ਪਰਿਵਾਰਾਂ, ਅਤੇ ਵਿਤਕਰੇ ਦਾ ਅਨੁਭਵ ਕਰਨ ਵਾਲੇ ਦੂਜੇ ਪਰਿਵਾਰਾਂ ਲਈ ਅਸਲੀਅਤ ਇਹ ਹੈ ਕਿ ਤਸ਼ਖੀਸ ਦੀ ਮੰਗ ਕਰਨਾ ਹੀ ਇੱਕਲੀ ਰੁਕਾਵਟ ਨਹੀਂ ਹੈ। ਢਾਂਚਾਗਤ ਨਸਲਵਾਦ, ਇਤਿਹਾਸਕ ਤੌਰ 'ਤੇ ਬਾਲ ਸੁਰੱਖਿਆ ਪ੍ਰਣਾਲੀ ਨਾਲ ਸਦਮਾ ਪਹੁੰਚਾਉਣ ਵਾਲੇ ਸਬੰਧਾ, ਅਤੇ ਕਲੰਕ ਸਾਰੇ ਹੀ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਉਹਨਾਂ ਨੂੰ ਲੋੜੀਂਦੀਆਂ ਸੇਵਾਵਾਂ ਅਤੇ ਸਹਾਇਤਾ ਤੱਕ ਪਹੁੰਚ ਕਰਨ ਵਿੱਚ ਰੁਕਾਵਟਾਂ ਪੈਦਾ ਕਰਨ ਵਿੱਚ ਭੂਮਿਕਾ ਨਿਭਾਉਂਦੇ ਹਨ।

ਮਨਿਸਟ੍ਰੀ ਔਫ ਚਿਲਡਰਨ ਐਂਡ ਫੈਮਲੀ ਡਿਵੈਲਪਮੈਂਟ (MCFD) ਸਹਾਇਤਾ ਸੰਬੰਧੀ ਲੋੜਾਂ ਵਾਲੇ ਹੋਰ ਬੱਚਿਆਂ ਅਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਉਹਨਾਂ ਦੀਆਂ ਲੋੜੀਂਦੀਆਂ ਸੇਵਾਵਾਂ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ ਇੱਕ ਪ੍ਰਣਾਲੀਗਤ ਤਬਦੀਲੀ ਦੀ ਅਗਵਾਈ ਕਰ ਰਹੀ ਹੈ। ਇਹ ਤਬਦੀਲੀ ਰੁਕਾਵਟਾਂ ਨੂੰ ਖਤਮ ਕਰਨ ਅਤੇ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਸੱਭਿਆਚਾਰਕ ਤੌਰ 'ਤੇ ਸੰਵੇਦਨਸ਼ੀਲ ਸੇਵਾਵਾਂ ਤੱਕ ਵਧੇਰੇ ਪਹੁੰਚ ਪ੍ਰਦਾਨ ਕਰਨ ਵਿੱਚ ਮਦਦ ਕਰੇਗੀ, ਇਸ ਦੀ ਪਰਵਾਹ ਕੀਤੇ ਬਿਨਾਂ ਕਿ ਲੋਕ ਕਿੱਥੇ ਰਹਿੰਦੇ ਹਨ।

ਸੇਵਾ ਫਰੇਮਵਰਕ ਅਤੇ ਇਸਦੇ ਸੇਵਾ ਵਰਣਨ ਇੰਨ੍ਹਾਂ ਦੀ ਰੂਪਰੇਖਾ ਦਿੰਦੇ ਹਨ:

1) ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਸੇਵਾਵਾਂ ਦੇ ਪਰਿਵਰਤਨ ਦੀਆਂ ਕਦਰਾਂ-ਕੀਮਤਾਂ ਅਤੇ ਇਰਾਦੇ;
2) ਨਵੀਂ ਪ੍ਰਣਾਲੀ ਦੇ ਤਿੰਨ ਮੁੱਖ ਭਾਗ (ਫੈਮਲੀ ਕਨੈਕਸ਼ਨ ਸੈਂਟਰ, ਅਪੰਗਤਾ ਸੇਵਾਵਾਂ, ਅਤੇ ਸੂਬਾਈ ਸੇਵਾਵਾਂ);
3) ਹਰੇਕ ਪ੍ਰਮੁੱਖ ਸੇਵਾ ਭਾਗ ਕਿਹੋ ਜਿਹਾ ਦਿਖਾਈ ਦੇਵੇਗਾ ਬਾਰੇ ਉੱਚ ਪੱਧਰੀ ਵੇਰਵੇ।

## ਅਧਿਕਾਰਾਂ ਦਾ ਸਨਮਾਨ ਕਰਨਾ

ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚੇ ਅਤੇ ਨੌਜਵਾਨ ਇੱਕ ਵਿਵਿਧ ਭਾਈਚਾਰਾ ਹਨ। ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਸੇਵਾਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਪਹੁੰਚ ਨੂੰ ਉਤਸ਼ਾਹਿਤ ਕਰਨਗੀਆਂ ਜੋ ਵਿਭਿੰਨਤਾ, ਤੰਦਰੁਸਤੀ, ਅਤੇ ਵਿਕਾਸ ਦਾ ਸਮਰਥਨ ਕਰਦੀਆਂ ਹਨ, ਅਤੇ ਉਹਨਾਂ ਦੇ ਅਧਿਕਾਰਾਂ ਦਾ ਸਨਮਾਨ ਕਰਦੀਆਂ ਹਨ। ਸੇਵਾ ਫਰੇਮਵਰਕ ਇਹਨਾਂ ਦੀ ਸਮਝ ਅਤੇ ਮਾਨਤਾ 'ਤੇ ਆਧਾਰਿਤ ਹੈ:

- ਬੱਚੇ ਦੇ ਅਧਿਕਾਰਾਂ ਬਾਰੇ ਘੋਸ਼ਣਾ ਪੱਤਰ (The Declaration on the Rights of the Child);
- ਅਪੰਗਤਾਵਾਂ ਵਾਲੇ ਵਿਅਕਤੀਆਂ ਦੇ ਅਧਿਕਾਰਾਂ ਬਾਰੇ ਕਨਵੈਨਸ਼ਨ (The Convention on the Rights of Persons with Disabilities);
- ਇੰਡਿਜਨਸ ਲੋਕਾਂ ਦੇ ਅਧਿਕਾਰ ਅਤੇ ਸੁਲ੍ਹਾ ਪ੍ਰਤੀ ਵਚਨਬੱਧਤਾ ਜਿਸ ਵਿੱਚ ਇੰਡਿਜਨਸ ਲੋਕਾਂ ਦੇ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਘੋਸ਼ਣਾ ਪੱਤਰ (UNDRIP), ਇੰਡਿਜਨਸ ਲੋਕਾਂ ਦੇ ਅਧਿਕਾਰਾਂ ਸੰਬੰਧੀ ਐਕਟ ਬਾਰੇ ਬੀ.ਸੀ. ਦੀ ਘੋਸ਼ਣਾ ਅਤੇ ਕੈਨੇਡਾ ਦੀ ਟਰੁੱਥ ਐਂਡ ਰਿਕਨਸਿਲਿਏਸ਼ਨ ਕਮਿਸ਼ਨ (TRC) ਦੀ ਕਾਲ ਟੂ ਐਕਸ਼ਨ ਸ਼ਾਮਲ ਹਨ;
- ਜਾਰਡਨ ਦਾ ਸਿਧਾਂਤ (Jordan's Principle) ਅਤੇ ਇੰਡਿਜਨਸ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਲਈ ਸੇਵਾਵਾਂ ਦੀ ਮਾਨਤਾ।

## ਅਸੀਂ ਜੋ ਸੁਣਿਆ

2019 ਵਿੱਚ, ਅਸੀਂ ਬੱਚਿਆਂ, ਨੌਜਵਾਨਾਂ, ਪਰਿਵਾਰਾਂ, ਇੰਡਿਜਨਸ ਲੋਕਾਂ ਅਤੇ ਨੇਤਾਵਾਂ, ਸੇਵਾ ਪ੍ਰਦਾਤਾਵਾਂ, ਡਾਕਟਰਾਂ, ਅੰਤਰ-ਸਰਕਾਰੀ ਭਾਈਵਾਲਾਂ, ਅਤੇ ਹੋਰ ਵਿਅਕਤੀਆਂ ਤੋਂ ਸੁਣਿਆ ਜਿਨ੍ਹਾਂ ਨੇ ਆਪਣੀਆਂ ਕਹਾਣੀਆਂ, ਸੂਝ-ਬੂਝਾਂ ਅਤੇ ਜੀਵਨ ਅਨੁਭਵ ਸਾਂਝੇ ਕੀਤੇ। ਬੱਚਿਆਂ ਅਤੇ ਨੌਜਵਾਨਾਂ ਲਈ ਪ੍ਰਤੀਨਿਧੀ ਅਤੇ ਚਿਲਡਰਨ ਐਂਡ ਯੂਥ ਦੀ ਸਿਲੈਕਟ ਸਟੈਂਡਿੰਗ ਕਮੇਟੀ ਨੇ ਵੀ ਸੁਧਾਰਾਂ ਅਤੇ ਸਹਾਇਤਾ ਦੀ ਲੋੜ-ਅਧਾਰਤ ਪ੍ਰਣਾਲੀ ਵੱਲ ਜਾਣ ਦੀ ਮੰਗ ਕੀਤੀ। ਇਸ ਇਨਪੁੱਟ ਨੇ ਮੌਜੂਦਾ ਸੇਵਾ ਫਰੇਮਵਰਕ ਨੂੰ ਆਕਾਰ

ਦਿੱਤਾ ਜੋ ਬੱਚਿਆਂ, ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨੀਤੀ, ਸੇਵਾਵਾਂ ਅਤੇ ਸਹਾਇਤਾ ਦੇ ਵਿਕਾਸ ਲਈ ਮਾਰਗਦਰਸ਼ਨ ਕਰ ਰਿਹਾ ਹੈ।

ਕੋਵਿਡ-19 ਮਹਾਂਮਾਰੀ ਨੇ ਸੰਘਰਸ਼ ਕਰ ਰਹੇ ਪਰਿਵਾਰਾਂ ਦੀ ਮਦਦ ਲਈ ਅੱਗੇ ਵਧਣ ਦੇ ਅਤਿ ਅਵਸ਼ਕ ਹੋਣ ਦੀ ਲੋੜ ਨੂੰ ਬੁਲੰਦ ਕੀਤਾ ਹੈ ਕਿਉਂਕਿ ਬਹੁਤ ਸਾਰੀਆਂ ਸੇਵਾਵਾਂ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਸੀ ਅਤੇ ਜਿੰਨ੍ਹਾਂ 'ਤੇ ਉਹ ਨਿਰਭਰ ਕਰਦੇ ਸੀ, ਲੌਕਡਾਊਨ ਦੌਰਾਨ ਉਪਲਬਧ ਨਹੀਂ ਸਨ।

## ਇਸ ਸੇਵਾ ਫਰੇਮਵਰਕ ਦਾ ਉਦੇਸ਼

ਇਹ ਸੇਵਾ ਫਰੇਮਵਰਕ ਫੈਸਲੇ ਲੈਣ, ਨੀਤੀ, ਅਤੇ ਸਿਸਟਮ ਤਬਦੀਲੀਆਂ ਦੀ ਅਗਵਾਈ ਕਰਦਾ ਹੈ ਜਿਵੇਂ ਅਸੀਂ ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਸੇਵਾਵਾਂ ਨੂੰ ਵਧੇਰੇ ਪਹੁੰਚਯੋਗ ਬਣਾਉਣ ਲਈ ਕੰਮ ਕਰਦੇ ਹਾਂ। ਇਹ ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਸੇਵਾਵਾਂ ਦੀ ਰੇਂਜ ਨੂੰ ਬਦਲਣ ਲਈ ਬੁਨਿਆਦ ਨਿਰਧਾਰਤ ਕਰਦਾ ਹੈ:

- ਕਾਰਜਾਤਮਕ ਯੋਗਤਾਵਾਂ ਅਤੇ ਲੋੜਾਂ ਦੇ ਆਧਾਰ 'ਤੇ ਪਹੁੰਚਯੋਗ ਸਹਾਇਤਾ, ਜਿੱਥੇ ਤਸ਼ਖ਼ੀਸ ਦਖਲਾਂ ਅਤੇ ਪਹੁੰਚਾਂ ਨੂੰ ਸੂਚਿਤ ਕਰ ਸਕਦੀ ਹੈ ਪਰ ਸੇਵਾਵਾਂ ਤੱਕ ਪਹੁੰਚ ਸ਼ੁਰੂ ਕਰਨ ਲਈ ਜ਼ਰੂਰੀ ਨਹੀਂ ਹੈ;
- ਸੇਵਾਵਾਂ ਜੋ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹਨ, ਸਦਮੇ ਦੁਆਰਾ ਸੂਚਿਤ ਹਨ ਅਤੇ ਉਨ੍ਹਾਂ ਦੀ ਅਗਵਾਈ ਨਸਲਵਾਦ ਵਿਰੋਧ ਦੁਆਰਾ ਕੀਤੀ ਜਾਂਦੀ ਹੈ;
- ਇੱਕ ਕਮਿਊਨਿਟੀ-ਆਧਾਰਿਤ ਸੇਵਾ ਡਿਲੀਵਰੀ ਮਾਡਲ, ਜੋ ਸੰਪਰਕ ਦੇ ਕੇਂਦਰੀ ਬਿੰਦੂ ਦੁਆਰਾ ਸਹਾਇਤਾ ਨੂੰ ਲੱਭਣਾ ਅਤੇ ਉਹਨਾਂ ਤੱਕ ਪਹੁੰਚ ਕਰਨਾ ਆਸਾਨ ਬਣਾਉਂਦਾ ਹੈ; ਅਤੇ
- ਇੰਡਿਜਨਸ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਲਈ ਇੰਡਿਜਨਸ ਸੇਵਾ ਪ੍ਰਦਾਤਾਵਾਂ ਦੁਆਰਾ ਸੇਵਾਵਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਸੇਵਾਵਾਂ ਦਾ ਪਰਿਵਰਤਨ ਪੜਾਵਾਂ ਵਿੱਚ ਹੋਵੇਗਾ। ਅਸੀਂ ਇੰਡਿਜਨਸ ਲੋਕਾਂ, ਲੀਡਰਸ਼ਿਪ, ਸੇਵਾ ਪ੍ਰਦਾਤਾਵਾਂ ਅਤੇ ਸਹਿਭਾਗੀਆਂ ਨਾਲ ਕੰਮ ਕਰਨ ਲਈ ਵਚਨਬੱਧ ਹਾਂ ਤਾਂ ਜੋ ਬੱਚਿਆਂ, ਨੌਜਵਾਨਾਂ, ਉਨ੍ਹਾਂ ਦੇ ਪਰਿਵਾਰਾਂ, ਅਤੇ ਸੇਵਾ ਪ੍ਰਦਾਤਾਵਾਂ ਨੂੰ ਚੰਗੇ ਤਰੀਕੇ ਨਾਲ ਇਹਨਾਂ ਤਬਦੀਲੀਆਂ ਰਾਹੀਂ ਸਹਾਇਤਾ ਦਿੱਤੀ ਜਾ ਸਕੇ।

ਜਿਵੇਂ ਕਿ ਅਸੀਂ ਇਸ ਪ੍ਰਕਿਰਿਆ ਅਤੇ ਪਰਿਵਰਤਨ ਵਿੱਚੋਂ ਲੰਘਦੇ ਹਾਂ, ਮੰਤਰਾਲਾ ਇਸ ਸੇਵਾ ਫਰੇਮਵਰਕ ਨੂੰ ਲਾਗੂ ਕਰਨ ਲਈ ਇੰਡਿਜਨਸ ਅਤੇ ਗੈਰ-ਇੰਡਿਜਨਸ ਪਰਿਵਾਰਾਂ, ਸੇਵਾ ਪ੍ਰਦਾਤਾਵਾਂ, ਅਤੇ ਭਾਈਚਾਰਕ ਭਾਈਵਾਲਾਂ ਨਾਲ ਜੁੜਨਾ ਅਤੇ ਸਹਿਯੋਗ ਕਰਨਾ ਜਾਰੀ ਰੱਖੇਗਾ। ਇਹ ਸ਼ਮੂਲੀਅਤ ਪੂਰੇ ਸੂਬੇ ਵਿੱਚ ਪਰਿਵਾਰਾਂ ਲਈ ਪ੍ਰਣਾਲੀ ਨੂੰ ਬਿਹਤਰ ਬਣਾਉਣ ਵਿੱਚ ਮਦਦ ਵੀ ਕਰੇਗੀ, ਅਤੇ, ਬਹੁਤ ਸਾਰੇ ਮਾਮਲਿਆਂ ਵਿੱਚ, ਪਹਿਲੀ ਵਾਰ ਬੱਚਿਆਂ ਅਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਸੇਵਾਵਾਂ ਪ੍ਰਦਾਨ ਕਰੇਗੀ।

## ਵਿਜ਼ਨ

ਪੂਰੇ ਬੀ.ਸੀ. ਵਿੱਚ ਸਹਾਇਤਾ ਸੰਬੰਧੀ ਲੋੜਾਂ ਵਾਲੇ ਸਾਰੇ ਬੱਚਿਆਂ ਅਤੇ ਨੌਜਵਾਨਾਂ ਦੇ ਨਾਲ-ਨਾਲ ਉਨ੍ਹਾਂ ਦੇ ਪਰਿਵਾਰਾਂ ਕੋਲ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਅਤੇ ਸਦਮੇ ਤੋਂ ਸੂਚਿਤ ਸੇਵਾਵਾਂ ਤੱਕ ਪਹੁੰਚ ਹੁੰਦੀ ਹੈ ਜੋ ਉਨ੍ਹਾਂ ਦੀਆਂ ਲੋੜਾਂ ਲਈ ਜਵਾਬਦੇਹ ਹੁੰਦੀਆਂ ਹਨ ਅਤੇ ਸਮਾਜਿਕ ਸ਼ਮੂਲੀਅਤ ਸਮੇਤ ਜੀਵਨ ਦੀ ਬਿਹਤਰ ਗੁਣਵੱਤਾ ਪ੍ਰਾਪਤ ਕਰਨ ਵਿੱਚ ਉਹਨਾਂ ਦੀ ਮਦਦ ਕਰਦੀਆਂ ਹਨ। ਇਹ ਸੇਵਾਵਾਂ ਸੱਭਿਆਚਾਰ ਦਾ ਸਨਮਾਨ ਕਰਨਗੀਆਂ ਅਤੇ ਬੱਚਿਆਂ, ਨੌਜਵਾਨਾਂ, ਅਤੇ ਉਹਨਾਂ ਦੇ ਪਰਿਵਾਰਾਂ ਨੂੰ ਉਹਨਾਂ ਦੇ ਵਿਕਾਸ, ਕਾਰਜਾਤਮਕ ਯੋਗਤਾਵਾਂ, ਸਮਾਜਿਕ ਸ਼ਮੂਲੀਅਤ, ਅਤੇ ਜੀਵਨ ਦੀ ਗੁਣਵੱਤਾ ਨੂੰ ਵਧਾਉਣ ਲਈ ਸਮਰੱਥ ਬਣਾਉਣਗੀਆਂ।

### ਸਿਸਟਮ ਵਿੱਚ ਬਦਲਾਅ

2019 ਵਿੱਚ ਸ਼ੁਰੂਆਤੀ ਸਲਾਹ-ਮਸ਼ਵਰੇ ਅਤੇ ਵਾਧੂ ਸ਼ਮੂਲੀਅਤ ਅਤੇ ਫੀਡਬੈਕ ਰਾਹੀਂ, ਮੰਤਰਾਲੇ ਨੇ ਨਵੀਂ ਸੇਵਾ ਪਹੁੰਚ ਲਈ ਕਈ ਮੁੱਖ ਸਿਸਟਮ ਤਬਦੀਲੀਆਂ ਦੀ ਪਛਾਣ ਕੀਤੀ ਹੈ:

1) *ਫੈਮਲੀ ਕਨੈਕਸ਼ਨ ਸੈਂਟਰਾਂ ਨੂੰ ਕਮਿਊਨਿਟੀ ਦੇ ਕੇਂਦਰ 'ਤੇ ਰੱਖਣਾ*

   ਇਸ ਨਵੇਂ ਮਾਡਲ ਦੇ ਕੇਂਦਰ ਤੇ ਅਜਿਹੀ ਸੇਵਾ ਪਹੁੰਚ ਹੈ ਜੋ ਸੂਬੇ ਭਰ ਦੇ ਭਾਈਚਾਰਿਆਂ ਵਿੱਚ ਜਨਮ ਤੋਂ ਲੈ ਕੇ 19 ਸਾਲ ਤੱਕ ਦੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਲਈ ਵਿਕਾਸ ਸੰਬੰਧੀ ਸਹਾਇਤਾ ਅਤੇ ਦਖਲ ਸੇਵਾਵਾਂ ਪ੍ਰਦਾਨ ਕਰੇਗੀ। ਇਹ

ਫੈਮਲੀ ਕਨੈਕਸ਼ਨ ਸੈਂਟਰਾਂ ਰਾਹੀਂ ਪੇਸ਼ ਕੀਤੀਆਂ ਜਾਣਗੀਆਂ। ਸਾਰੀਆਂ ਸੇਵਾਵਾਂ ਪਰਿਵਾਰਾਂ ਨੂੰ ਸਿੱਧੇ ਤੌਰ 'ਤੇ ਸਹਾਇਤਾ ਕਰਨ ਲਈ ਵਿਅਕਤੀ ਅਤੇ ਪਰਿਵਾਰ-ਕੇਂਦਰਿਤ ਪਹੁੰਚ (ਸਮੇਤ, ਪਰ ਇਨ-ਕਮਿਊਨਿਟੀ, ਇਨ-ਹੋਮ ਅਤੇ ਵਰਚੁਅਲ ਤੱਕ ਸੀਮਿਤ ਨਹੀਂ) ਦੀ ਵਰਤੋਂ ਕਰਨਗੀਆਂ।

2) *ਬੱਚਿਆਂ ਅਤੇ ਨੌਜਵਾਨਾਂ ਦੀਆਂ ਲੋੜਾਂ ਦਾ ਜਵਾਬ ਦੇਣਾ*

ਬੱਚਿਆਂ ਅਤੇ ਨੌਜਵਾਨਾਂ ਨੂੰ ਜਲਦੀ ਤੋਂ ਜਲਦੀ ਦਖਲ ਅਤੇ ਸਹਾਇਤਾ ਪ੍ਰਾਪਤ ਕਰਨ ਤੋਂ ਪਹਿਲਾਂ ਤਸ਼ਖ਼ੀਸ ਪ੍ਰਾਪਤ ਕਰਨ ਲਈ ਇੰਤਜ਼ਾਰ ਨਹੀਂ ਕਰਨਾ ਪਵੇਗਾ। ਨਵੀਂ ਪਹੁੰਚ ਬੱਚੇ, ਨੌਜਵਾਨ ਅਤੇ ਪਰਿਵਾਰ ਦੀਆਂ ਲੋੜਾਂ 'ਤੇ ਆਧਾਰਿਤ ਹੋਵੇਗੀ। ਇਸਦਾ ਮਤਲਬ ਵਧੇਰੇ ਬੱਚਿਆਂ ਅਤੇ ਨੌਜਵਾਨਾਂ ਲਈ, ਉਹਨਾਂ ਦੇ ਵਿਕਾਸ ਦੇ ਸਫ਼ਰ ਵਿੱਚ ਜਲਦੀ ਸੇਵਾਵਾਂ ਤੱਕ ਬਿਹਤਰ ਪਹੁੰਚ ਹੈ। ਪਰੰਤੂ, ਤਸ਼ਖ਼ੀਸ ਸੇਵਾ ਯੋਜਨਾਬੰਦੀ ਲਈ ਲਾਭਦਾਇਕ ਜਾਣਕਾਰੀ ਵੀ ਪ੍ਰਦਾਨ ਕਰ ਸਕਦੀ ਹੈ ਅਤੇ ਪਰਿਵਾਰਾਂ ਨੂੰ ਤਸ਼ਖ਼ੀਸ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

3) *ਪਰਿਵਾਰਾਂ ਲਈ ਇਕਸਾਰ ਸੇਵਾਵਾਂ ਉਪਲਬਧ ਹਨ*

ਪ੍ਰੋਗਰਾਮਾਂ ਦੇ ਪੈਚਵਰਕ ਤੋਂ ਤਿੰਨ ਇਕਸਾਰ ਸੇਵਾ ਭਾਗਾਂ 'ਤੇ ਜਾਣ ਨਾਲ ਪਰਿਵਾਰਾਂ ਲਈ ਸੇਵਾਵਾਂ ਨੈਵੀਗੇਟ ਕਰਨੀਆਂ ਆਸਾਨ ਹੋ ਜਾਣਗੀਆਂ: (1) ਫੈਮਲੀ ਕਨੈਕਸ਼ਨ ਸੈਂਟਰਾਂ, (2) ਅਪੰਗਤਾ ਸੇਵਾਵਾਂ, ਅਤੇ (3) ਸੂਬਾਈ ਸੇਵਾਵਾਂ ਰਾਹੀਂ ਵਿਕਾਸ ਅਤੇ ਟੀਚਾ ਕੇਂਦਰਿਤ ਸੇਵਾਵਾਂ। ਇਹਨਾਂ ਸੇਵਾਵਾਂ ਤੱਕ ਪਹੁੰਚ ਦੇ ਮਾਰਗ ਨੂੰ ਸਰਲ ਬਣਾਇਆ ਜਾਵੇਗਾ।

ਮਹੱਤਵਪੂਰਨ ਤੌਰ 'ਤੇ, ਪੂਰੇ ਸੂਬੇ ਵਿੱਚ ਇਕਸਾਰ ਸੇਵਾਵਾਂ ਅਤੇ ਸਰਲ ਪਹੁੰਚ ਸਹਾਇਤਾ ਸੰਬੰਧੀ ਲੋੜਾਂ ਵਾਲੇ ਹੋਰ ਬੱਚਿਆਂ ਅਤੇ ਨੌਜਵਾਨਾਂ ਦੀ ਮਦਦ ਕਰਨ ਦੇ ਮੌਕੇ ਖੋਲ੍ਹੇਗੀ ਅਤੇ ਪਰਿਵਾਰਾਂ ਦੁਆਰਾ ਲਾਜ਼ਮੀ ਤੌਰ ਤੇ ਕੀਤੇ ਜਾਣ ਵਾਲੇ ਕੇਸ-ਪ੍ਰਬੰਧਨ ਦੀ ਮਾਤਰਾ ਨੂੰ ਘਟਾਏਗੀ।

4) *ਸੇਵਾਵਾਂ ਦੀ ਨਿਰੰਤਰਤਾ ਤੱਕ ਪਹੁੰਚ ਖੋਲ੍ਹਣਾ*

ਨਵਾਂ ਮਾਡਲ ਪਰਿਵਾਰਾਂ ਨੂੰ ਉਹਨਾਂ ਦੇ ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚੇ ਜਾਂ ਨੌਜਵਾਨਾਂ ਲਈ ਸੇਵਾਵਾਂ ਦੀ ਇੱਕ ਵਿਸ਼ਾਲ ਰੇਂਜ ਤੱਕ ਪਹੁੰਚ ਦੀ ਪੇਸ਼ਕਸ਼ ਕਰੇਗਾ। ਉਦਾਹਰਣ ਲਈ, ਘੱਟ-ਬੈਰੀਅਰ ਸਥਿਰਤਾ, ਰਾਹਤ, ਅਤੇ ਮਾਨਸਿਕ ਸਿਹਤ ਸੇਵਾਵਾਂ ਨੂੰ ਹੁਣ ਇਸ ਨਵੀਂ ਸੇਵਾ ਪਹੁੰਚ ਵਿੱਚ ਜੋੜਿਆ ਜਾਵੇਗਾ।

ਅਸੀਂ ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਜਾਂ ਨੌਜਵਾਨਾਂ ਵਾਲੇ ਸਾਰੇ ਪਰਿਵਾਰਾਂ ਲਈ ਰੁਕਾਵਟਾਂ ਨੂੰ ਘਟਾ ਰਹੇ ਹਾਂ ਤਾਂ ਜੋ ਉਹ ਸੇਵਾਵਾਂ ਤੱਕ ਪਹੁੰਚ ਕਰ ਸਕਣ, ਜਦੋਂ ਉਨ੍ਹਾਂ ਨੂੰ ਉਨ੍ਹਾਂ ਦੀ ਲੋੜ ਹੈ।

### ਨਤੀਜੇ

ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਦੀ ਤੰਦਰੁਸਤੀ ਅਤੇ ਜੀਵਨ ਦੀ ਗੁਣਵੱਤਾ ਨੂੰ ਉਹਨਾਂ ਦੀਆਂ ਸ਼ਕਤੀਆਂ, ਲਚਕੀਲੇਪਣ, ਸੱਭਿਆਚਾਰ ਅਤੇ ਭਾਈਚਾਰੇ ਦੇ ਸੰਦਰਭ ਵਿੱਚ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਵਿੱਚ ਵਾਤਾਵਰਨ ਅਤੇ ਸਮਾਜਿਕ ਕਾਰਕਾਂ ਦੀ ਰੇਂਜ ਸ਼ਾਮਲ ਹੈ ਜੋ ਜਨਮ ਤੋਂ ਲੈ ਕੇ ਜਵਾਨੀ ਤੱਕ ਵਿਕਾਸ ਨੂੰ ਪ੍ਰਭਾਵਿਤ ਕਰ ਸਕਦੇ ਹਨ।

ਨਵੇਂ ਮਾਡਲ ਵਿੱਚ ਨਿਯਤ ਨਤੀਜੇ ਜੀਵਨ ਦੀ ਗੁਣਵੱਤਾ ਦੀ ਇਸ ਸਮਝ ਦੁਆਰਾ ਚਲਾਏ ਜਾਂਦੇ ਹਨ, ਜਿਸ ਵਿੱਚ ਸ਼ਾਮਲ ਹਨ:

- **ਪ੍ਰਗਤੀ:** ਬੱਚੇ ਅਤੇ ਨੌਜਵਾਨ ਆਪਣੇ ਖੁਦ ਦੁਆਰਾ ਪਛਾਣ ਕੀਤੇ ਗਏ ਟੀਚਿਆਂ ਵੱਲ ਪ੍ਰਗਤੀ ਕਰਦੇ ਹਨ।
- **ਸਮਾਜਿਕ ਸ਼ਮੂਲੀਅਤ:** ਬੱਚੇ, ਨੌਜਵਾਨ ਅਤੇ ਪਰਿਵਾਰ ਸੁਧਰੀ ਹੋਈ ਸਮਾਜਿਕ ਸ਼ਮੂਲੀਅਤ ਦਾ ਅਨੁਭਵ ਕਰਦੇ ਹਨ।
- **ਜੀਵਨ ਦੀ ਗੁਣਵੱਤਾ:** ਬੱਚੇ, ਨੌਜਵਾਨ ਅਤੇ ਪਰਿਵਾਰ ਜੀਵਨ ਦੀ ਬਿਹਤਰ ਗੁਣਵੱਤਾ ਦਾ ਅਨੁਭਵ ਕਰਦੇ ਹਨ।
- **ਸੁਰੱਖਿਆ:** ਸੇਵਾਵਾਂ ਤੱਕ ਸੁਰੱਖਿਅਤ ਪਹੁੰਚ ਦਾ ਸਮਰਥਨ ਕਰਨ ਲਈ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸਦਮੇ ਦੁਆਰਾ ਸੂਚਿਤ, ਅਤੇ ਪਰਿਵਾਰ-ਕੇਂਦਰਿਤ ਸੇਵਾਵਾਂ।

## ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚੇ ਅਤੇ ਨੌਜਵਾਨ

ਸੇਵਾਵਾਂ ਜਨਮ ਤੋਂ ਲੈ ਕੇ 19 ਸਾਲ ਤੱਕ ਦੇ ਸਾਰੇ ਬੱਚਿਆਂ ਅਤੇ ਨੌਜਵਾਨਾਂ, ਅਤੇ ਉਹਨਾਂ ਦੇ ਪਰਿਵਾਰਾਂ ਦੀ ਸਹਾਇਤਾ ਕਰਨਗੀਆਂ ਜੋ:

- ਬੀ.ਸੀ. ਦੇ ਨਿਵਾਸੀ ਹਨ, ਅਤੇ
- ਜਿੰਨ੍ਹਾਂ ਨੂੰ ਵਿਕਾਸ ਸੰਬੰਧੀ ਦੇਰੀ ਦੇ ਲੱਛਣ ਜਾਂ ਪੁਸ਼ਟੀ ਕੀਤੀ ਵਿਕਾਸ ਸੰਬੰਧੀ ਲੋੜ ਜਾਂ ਅਪੰਗਤਾ ਹੋਵੇ।

ਇਹ ਸੇਵਾਵਾਂ ਸਵੈ-ਇੱਛਤ ਹਨ, ਅਤੇ ਇਹਨਾਂ ਵਿੱਚ ਮੰਤਰਾਲੇ ਜਾਂ ਡੈਲੀਗੇਟਿਡ ਐਬੋਰੀਜਨਲ ਏਜੰਸੀ ਦੀ ਦੇਖਭਾਲ ਵਿੱਚ ਰਹਿ ਰਹੇ ਬੱਚੇ ਅਤੇ ਨੌਜਵਾਨ ਸ਼ਾਮਲ ਹਨ, ਉਹ ਜੋ ਦੇਖਭਾਲ ਤੋਂ ਬਾਹਰ ਹੋ ਰਹੇ ਹਨ, ਅਤੇ ਨਾਲ ਹੀ ਉਹ ਜਿਹੜੇ ਦੇਖਭਾਲ ਵਿੱਚ ਨਹੀਂ ਹਨ।

## ਸੇਵਾ ਦੀਆਂ ਬੁਨਿਆਦਾਂ

MCFD ਬੱਚਿਆਂ ਅਤੇ ਨੌਜਵਾਨਾਂ ਦੇ ਵਿਕਾਸ ਅਤੇ ਜੀਵਨ ਭਰ ਦੀ ਤੰਦਰੁਸਤੀ 'ਤੇ ਤਜ਼ਰਬਿਆਂ, ਸਬੰਧਾਂ ਅਤੇ ਸਰੀਰਕ ਵਾਤਾਵਰਣ ਦੇ ਸ਼ਕਤੀਸ਼ਾਲੀ ਪ੍ਰਭਾਵ ਨੂੰ ਪਛਾਣਦੀ ਹੈ। ਇਹ ਵਿਸ਼ਵਾਸ ਉਹਨਾਂ ਕਦਰਾਂ-ਕੀਮਤਾਂ ਅਤੇ ਪਹੁੰਚਾਂ ਵਿੱਚ ਝਲਕਦਾ ਹੈ ਜੋ ਸਾਰੀਆਂ ਨੀਤੀਆਂ ਅਤੇ ਸੇਵਾਵਾਂ ਦੀ ਬੁਨਿਆਦ ਬਣਾਉਂਦੇ ਹਨ ਅਤੇ ਇਸ ਨਵੇਂ ਮਾਡਲ ਦਾ ਮਾਰਗਦਰਸ਼ਨ ਕਰਦੇ ਹਨ। ਨਵੇਂ ਮਾਡਲ ਦੇ ਸਾਰੇ ਤੱਤ:

- ਸਦਮੇ ਦੁਆਰਾ ਸੂਚਿਤ ਹੋਣਗੇ: ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਾਰੀਆਂ ਸੇਵਾਵਾਂ, ਭਾਵੇਂ ਉਨ੍ਹਾਂ ਨੂੰ ਕੋਈ ਵੀ ਪ੍ਰਦਾਨ ਕਰਦਾ ਹੈ, ਸਦਮੇ ਦੁਆਰਾ ਸੂਚਿਤ ਹਨ।
- ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਹੋਣਗੇ: ਸਾਰੀਆਂ ਸੇਵਾਵਾਂ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ ਅਤੇ ਕਲੰਕ ਜਾਂ ਨਸਲਵਾਦ ਤੋਂ ਮੁਕਤ ਹਨ।

ਜਿਵੇਂ ਕਿ ਹੋਰ ਸ਼ਮੂਲੀਅਤ ਹੁੰਦੀ ਹੈ, ਸੱਭਿਆਚਾਰਕ ਸੁਰੱਖਿਆ ਅਤੇ ਸਦਮੇ ਦੁਆਰਾ ਸੂਚਿਤ ਅਭਿਆਸ ਦੀਆਂ ਸਪਸ਼ਟ ਪਰਿਭਾਸ਼ਾਵਾਂ ਨੂੰ ਸੇਵਾ ਦੇ ਸਾਰੇ ਤੱਤਾਂ ਵਿੱਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਸੇਵਾ ਪ੍ਰਦਾਤਾਵਾਂ ਤੋਂ ਭਾਈਚਾਰਿਆਂ ਨਾਲ ਸਬੰਧ ਰੱਖਣ, ਸੁਲ੍ਹਾ ਦਾ ਸਨਮਾਨ ਕਰਨ, ਅਤੇ ਉਹਨਾਂ ਭਾਈਚਾਰਿਆਂ ਦੇ ਸਬੰਧ ਵਿੱਚ ਸੱਭਿਆਚਾਰਕ ਸੁਰੱਖਿਆ ਨੂੰ ਉਤਸ਼ਾਹਿਤ ਕਰਨ ਦੀ ਉਮੀਦ ਕੀਤੀ ਜਾਵੇਗੀ ਜਿਨ੍ਹਾਂ ਦਾ ਉਹ ਸਮਰਥਨ ਕਰਦੇ ਹਨ।

### ਸੇਵਾ ਫਰੇਮਵਰਕ ਕਦਰਾਂ-ਕੀਮਤਾਂ

ਪੰਜ ਕਦਰਾਂ-ਕੀਮਤਾਂ ਫੰਡਿੰਗ, ਯੋਜਨਾਬੰਦੀ ਅਤੇ ਸੇਵਾਵਾਂ ਦੀ ਡਿਲੀਵਰੀ ਬਾਰੇ ਫੈਸਲਿਆਂ ਦੀ ਅਗਵਾਈ ਕਰਦੀਆਂ ਹਨ। ਇਹ ਕਦਰਾਂ-ਕੀਮਤਾਂ ਉਹਨਾਂ ਸੇਵਾਵਾਂ ਨੂੰ ਉਤਸ਼ਾਹਿਤ ਕਰਨ, ਪ੍ਰੇਰਿਤ ਕਰਨ ਅਤੇ ਮਾਰਗਦਰਸ਼ਨ ਕਰਨ ਲਈ ਕੰਮ ਕਰਦੀਆਂ ਹਨ ਜੋ ਉਹਨਾਂ ਦੇ ਟੀਚਿਆਂ ਅਤੇ ਇੱਛਾਵਾਂ ਨੂੰ ਪ੍ਰਾਪਤ ਕਰਨ ਵਿੱਚ ਮਦਦ ਕਰਨ ਲਈ ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਦੇ ਗੁਣਾਂ ਅਤੇ ਯੋਗਤਾਵਾਂ ਦਾ ਜਸ਼ਨ ਮਨਾਉਂਦੇ ਹਨ।

1. **ਸੰਮਲਿਤ ਅਤੇ ਪਹੁੰਚਯੋਗ ਸੇਵਾਵਾਂ** ਜੋ ਜੀਵਨ ਦੀ ਗੁਣਵੱਤਾ ਅਤੇ ਸਮਾਜਿਕ ਸਮਾਵੇਸ਼ ਦਾ ਸਮਰਥਨ ਕਰਨ ਵਾਲੀਆਂ ਸੇਵਾਵਾਂ ਤੱਕ ਤੁਰੰਤ ਪਹੁੰਚ ਦੇ ਨਾਲ, ਅਸਲ ਸਮਾਨਤਾ ਦਾ ਸਮਰਥਨ ਕਰਦੀਆਂ ਹਨ;
2. **ਇੰਡਿਜਨਸ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਲਈ ਇੰਡਿਜਨਸ ਸੇਵਾ ਪ੍ਰਦਾਤਾ** ਇੰਡਿਜਨਸ ਲੋਕਾਂ, ਸਰਕਾਰਾਂ ਅਤੇ ਸੰਸਥਾਵਾਂ ਨਾਲ ਸਾਂਝੇਦਾਰੀ ਵਿੱਚ ਕੰਮ ਕਰਕੇ ਇੱਛਾਵਾਂ ਅਤੇ ਲੋੜਾਂ ਨੂੰ ਸਭ ਤੋਂ ਵਧੀਆ ਢੰਗ ਨਾਲ ਪੂਰਾ ਕਰਨ ਲਈ, ਅਤੇ ਮੇਲ-ਮਿਲਾਪ ਲਈ ਸਾਡੀ ਜ਼ਿੰਮੇਵਾਰੀ ਅਤੇ ਵਚਨਬੱਧਤਾ ਦਾ ਸਨਮਾਨ ਕਰਨ ਲਈ;
3. **ਤਾਕਤਾਂ ਅਤੇ ਲੋੜਾਂ ਤੇ ਆਧਾਰਿਤ** ਸੇਵਾਵਾਂ ਅਤੇ ਪਹੁੰਚਾਂ ਜੋ ਬੱਚੇ ਜਾਂ ਨੌਜਵਾਨ ਅਤੇ ਉਹਨਾਂ ਦੇ ਪਰਿਵਾਰ ਦੁਆਰਾ ਸੇਧਿਤ ਹੁੰਦੀਆਂ ਹਨ, ਅਤੇ ਉਹਨਾਂ ਦੇ ਸਮਰਥਨ ਦੇ ਸਰਕਲ ਨੂੰ ਪਛਾਣਦੀਆਂ ਹਨ;
4. **ਸਮਾਜਿਕ ਸਮਾਵੇਸ਼** ਸਮਰਥਿਤ ਹੈ ਇਸ ਲਈ ਅਪਾਹਜਤਾ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਉਹਨਾਂ ਦੇ ਭਾਈਚਾਰਿਆਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ;
5. **ਪ੍ਰਭਾਵੀ ਅਤੇ ਉੱਚ-ਗੁਣਵੱਤਾ ਵਾਲੀਆਂ** ਸੇਵਾਵਾਂ ਜੋ ਸੁਰੱਖਿਅਤ ਅਤੇ ਜਵਾਬਦੇਹ ਹਨ।

ਇਹ ਯਕੀਨੀ ਬਣਾਉਣ ਲਈ ਕਿ ਪਰਿਵਾਰ ਇਹਨਾਂ ਕਦਰਾਂ-ਕੀਮਤਾਂ ਦਾ ਅਨੁਭਵ ਕਰਦੇ ਹਨ, ਸਾਰੀਆਂ ਸੇਵਾਵਾਂ:

- ਸਵੈਇੱਛਤ ਹੋਣਗੀਆਂ;
- ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਨੂੰ ਸੇਵਾਵਾਂ ਵਿੱਚ ਸਰਗਰਮੀ ਨਾਲ ਸ਼ਾਮਲ ਕਰਨਗੀਆਂ;
- ਵਿਅਕਤੀ-ਕੇਂਦ੍ਰਿਤ ਯੋਜਨਾਬੰਦੀ ਅਤੇ ਸੰਬੰਧਿਤ ਪਹੁੰਚਾਂ ਦੀ ਵਰਤੋਂ ਕਰਨਗੀਆਂ;
- ਸੈਟਿੰਗਾਂ ਅਤੇ ਸਮਿਆਂ ਦੀ ਇੱਕ ਰੇਂਜ 'ਤੇ ਪ੍ਰਦਾਨ ਕੀਤੀਆਂ ਜਾਣਗੀਆਂ;
- ਜਾਣਕਾਰੀ ਅਤੇ ਸਹਾਇਕ ਕਨੈਕਸ਼ਨ ਪ੍ਰਦਾਨ ਕਰਨਗੀਆਂ।

### ਸੇਵਾ ਡਿਲੀਵਰੀ ਮਾਡਲ

ਸੇਵਾਵਾਂ ਸਹਾਇਤਾ ਦੇ ਦੋ ਤਰੀਕਿਆਂ ਰਾਹੀਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ: ਫੈਮਲੀ ਕਨੈਕਸ਼ਨ ਸੈਂਟਰ ਅਤੇ MCFD। ਸੈਂਟਰ ਵਿਕਾਸ ਅਤੇ ਟੀਚਾ ਕੇਂਦਰਿਤ ਸੇਵਾਵਾਂ ਲਈ ਜ਼ਿੰਮੇਵਾਰ ਹਨ। MCFD ਅਪੰਗਤਾ ਅਤੇ ਸੂਬਾਈ ਸੇਵਾਵਾਂ ਲਈ ਜ਼ਿੰਮੇਵਾਰ ਹੈ।

ਸਾਰੀਆਂ ਸੇਵਾਵਾਂ ਸੰਬੰਧਾਂ 'ਤੇ ਆਧਾਰਿਤ, ਪਰਿਵਾਰ-ਕੇਂਦਰਿਤ ਅਤੇ ਸੰਪੂਰਨ ਪਹੁੰਚਾਂ ਦੀ ਵਰਤੋਂ ਵੀ ਕਰਨਗੀਆਂ। ਇਸ ਵਿੱਚ ਬੱਚੇ, ਨੌਜਵਾਨ ਅਤੇ ਪਰਿਵਾਰ ਦੇ **ਸਮਰਥਨ ਦੇ ਸਰਕਲ (circle of support)** ਨੂੰ ਸ਼ਾਮਲ ਕਰਨਾ ਅਤੇ ਯੋਜਨਾਬੰਦੀ ਅਤੇ ਵਿਚਾਰ-ਵਟਾਂਦਰੇ ਲਈ ਵਿਅਕਤੀ-ਕੇਂਦ੍ਰਿਤ ਪਹੁੰਚ ਦੀ ਵਰਤੋਂ ਕਰਨਾ ਸ਼ਾਮਲ ਹੈ।

**ਸਮਰਥਨ ਦੇ ਸਰਕਲ** ਨੂੰ ਪਰਿਵਾਰ (ਜਿਸ ਵਿੱਚ ਸਾਰੇ ਪਰਿਵਾਰ ਅਤੇ ਰਿਸ਼ਤਿਆਂ ਦੇ ਅੰਤਰ, ਅਨੁਭਵ, ਅਤੇ ਰਿਸ਼ਤੇਦਾਰੀ ਪ੍ਰਣਾਲੀਆਂ ਸ਼ਾਮਲ ਹਨ) ਦੇ ਨਾਲ-ਨਾਲ ਬੱਚੇ, ਨੌਜਵਾਨ ਅਤੇ/ਜਾਂ ਪਰਿਵਾਰ ਦੇ ਜੀਵਨ ਵਿੱਚ ਸ਼ਾਮਲ ਹੋਰ ਮਹੱਤਵਪੂਰਨ ਲੋਕਾਂ ਨੂੰ ਸ਼ਾਮਲ ਕਰਨ ਲਈ ਵਿਆਪਕ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ ਹੈ। ਇਹ, ਇਹ ਯਕੀਨੀ ਬਣਾਉਣ ਲਈ ਹੈ ਕਿ ਸਾਰੇ ਪਰਿਵਾਰ ਆਪਣੇ ਭਾਈਚਾਰੇ ਦੇ ਸੰਦਰਭ ਵਿੱਚ ਸਹਾਇਤਾ ਸੇਵਾਵਾਂ ਤੋਂ ਸਹਾਇਤਾ ਪ੍ਰਾਪਤ ਕਰ ਸਕਦੇ ਹਨ।

### ਪ੍ਰਾਇਮਰੀ ਸਪੋਰਟ ਕੋਆਰਡੀਨੇਟਰ

ਜਦੋਂ ਇੱਕ ਬੱਚਾ ਜਾਂ ਨੌਜਵਾਨ ਅਤੇ ਉਹਨਾਂ ਦਾ ਪਰਿਵਾਰ ਇੱਕ ਤੋਂ ਵੱਧ ਸੇਵਾਵਾਂ ਜਾਂ ਸਹਾਇਤਾ ਤੱਕ ਪਹੁੰਚ ਕਰ ਰਿਹਾ ਹੈ ਤਾਂ ਉਹਨਾਂ ਪੇਸ਼ੇਵਰਾਂ ਵਿੱਚੋਂ ਇੱਕ **ਪ੍ਰਾਇਮਰੀ ਸਹਾਇਤਾ ਕੋਆਰਡੀਨੇਟਰ** ਦੀ ਭੂਮਿਕਾ ਨਿਭਾਏਗਾ। ਉਹ ਪ੍ਰਾਇਮਰੀ ਸਹਾਇਤਾ ਕੋਆਰਡੀਨੇਟਰ ਸੇਵਾਵਾਂ ਪ੍ਰਦਾਨ ਕਰਨ, ਜਾਣਕਾਰੀ ਸਾਂਝੀ ਕਰਨ, ਅਤੇ ਸਹਾਇਤਾ ਅਤੇ ਸੇਵਾਵਾਂ ਨੂੰ ਨੈਵੀਗੇਟ ਕਰਨ ਵਿੱਚ ਮਦਦ ਕਰਨ ਲਈ ਬੱਚੇ ਜਾਂ ਨੌਜਵਾਨ, ਉਨ੍ਹਾਂ ਦੇ ਪਰਿਵਾਰ ਅਤੇ ਉਨ੍ਹਾਂ ਦੇ ਸਮਰਥਨ ਦੇ ਸਰਕਲ ਨਾਲ ਸਹਿਯੋਗ ਕਰੇਗਾ।

## ਸੇਵਾ ਵਰਣਨ

ਇਹ ਸੇਵਾ ਫਰੇਮਵਰਕ ਅਤੇ ਹੇਠਾਂ ਵਰਣਨ ਕੀਤੀਆਂ ਸੇਵਾਵਾਂ ਪਰਿਵਾਰਾਂ ਅਤੇ ਸੇਵਾ ਪ੍ਰਦਾਤਾਵਾਂ ਦੇ ਇੱਕ ਵਿਸ਼ਾਲ ਸਮੂਹ ਨਾਲ ਸਲਾਹ-ਮਸ਼ਵਰੇ 'ਤੇ ਅਧਾਰਤ ਹਨ ਜੋ 2019 ਵਿੱਚ ਹੋਇਆ ਹੈ ਅਤੇ 2022 ਤੱਕ ਜਾਰੀ ਹੈ। ਸਲਾਹ-ਮਸ਼ਵਰਿਆਂ ਵਿੱਚ ਇੰਡਿਜਨਸ, ਫਸਟ ਨੇਸ਼ਨਜ਼, ਇਨੂਇਟ ਅਤੇ ਮੈਟੀ ਪੀਪਲਜ਼ ਅਤੇ ਭਾਈਵਾਲਾਂ ਨਾਲ ਵਿਸ਼ੇਸ਼ ਸ਼ਮੂਲੀਅਤ ਸ਼ਾਮਲ ਰਹੀ ਹੈ। ਨਵੀਂ ਪ੍ਰਣਾਲੀ ਦੇ ਅੰਦਰ ਸਵਦੇਸ਼ੀ ਸੇਵਾ ਪ੍ਰਦਾਤਾਵਾਂ ਦਾ ਸਮਰਥਨ ਕਿਵੇਂ ਕੀਤਾ ਜਾਵੇਗਾ ਅਤੇ ਉਨ੍ਹਾਂ ਨੂੰ ਬਰਕਰਾਰ ਕਿਵੇਂ ਰੱਖਿਆ ਜਾਵੇਗਾ, ਇਸ ਲਈ ਇੰਡਿਜਨਸ, ਫਸਟ ਨੇਸ਼ਨਜ਼, ਇਨੂਇਟ ਅਤੇ ਮੇਟੀ ਪੀਪਲਜ਼ ਅਤੇ ਭਾਈਵਾਲਾਂ ਨਾਲ ਵਾਧੂ, ਅਰਥਪੂਰਨ ਸ਼ਮੂਲੀਅਤ ਅਤੇ ਸਲਾਹ-ਮਸ਼ਵਰੇ ਦੀ ਲੋੜ ਹੈ।

ਜਿਵੇਂ ਕਿ ਸ਼ੁਰੂਆਤੀ ਲਾਗੂ ਕੀਤਾ ਜਾਣਾ ਸ਼ੁਰੂ ਹੁੰਦਾ ਹੈ, ਇੰਡਿਜਨਸ ਭਾਈਚਾਰਿਆਂ, ਪਰਿਵਾਰਾਂ, ਅਤੇ ਸੇਵਾ ਪ੍ਰਦਾਤਾਵਾਂ ਨਾਲ ਸ਼ਮੂਲੀਅਤ ਜਾਰੀ ਰਹੇਗੀ।

### ਸਹਾਇਤਾ ਯੋਜਨਾ ਲਈ ਵਿਜ਼ਨ

ਸਹਾਇਤਾ ਯੋਜਨਾ ਪ੍ਰਕਿਰਿਆ ਫੈਮਲੀ ਕਨੈਕਸ਼ਨ ਸੈਂਟਰ ਦੇ ਸਟਾਫ਼ ਅਤੇ ਬੱਚੇ ਜਾਂ ਨੌਜਵਾਨ ਅਤੇ ਉਨ੍ਹਾਂ ਦੇ ਪਰਿਵਾਰਕ ਸਰਕਲ ਵਿਚਕਾਰ ਸਹਿਯੋਗੀ ਸਬੰਧਾਂ ਅਤੇ ਭਾਈਵਾਲੀ ਨੂੰ ਲਗਾਤਾਰ ਵਿਕਸਤ ਕਰਨ 'ਤੇ ਕੇਂਦ੍ਰਿਤ ਹੈ। ਸਟਾਫ਼ ਬੱਚੇ ਜਾਂ ਨੌਜਵਾਨ ਅਤੇ ਉਹਨਾਂ ਦੇ ਪਰਿਵਾਰ ਨੂੰ ਉਹਨਾਂ ਦੀਆਂ ਪਛਾਣੀਆਂ ਗਈਆਂ ਲੋੜਾਂ ਅਤੇ ਟੀਚਿਆਂ ਨੂੰ ਪੂਰਾ ਕਰਨ ਲਈ ਸੇਵਾਵਾਂ ਦੀ ਯੋਜਨਾ ਦੀ ਅਗਵਾਈ ਕਰਨ ਲਈ ਉਤਸ਼ਾਹਿਤ ਅਤੇ ਸ਼ਕਤੀ ਪ੍ਰਦਾਨ ਕਰੇਗਾ।

ਸਹਾਇਤਾ ਯੋਜਨਾਬੰਦੀ ਵਿੱਚ ਸ਼ਾਮਲ ਸਾਰੀਆਂ ਸੇਵਾਵਾਂ ਵਿੱਚ ਪਰਿਵਾਰਾਂ ਲਈ ਸਹਾਇਤਾ ਯੋਜਨਾ ਕੋਆਰਡੀਨੇਟਰ ਅਤੇ ਪੇਸ਼ੇਵਰਾਂ ਦੀ ਟੀਮ ਅਤੇ ਸਮਰਥਨ ਦੇ ਸਰਕਲਾਂ ਦੇ ਨਾਲ ਨਿਯਮਿਤ ਤੌਰ 'ਤੇ ਉਹਨਾਂ ਦੀ ਸਹਾਇਤਾ ਯੋਜਨਾਵਾਂ ਦੀ ਸਮੀਖਿਆ ਕਰਨ ਦੇ ਨਿਯਮਤ ਮੌਕੇ ਸ਼ਾਮਲ ਹੋਣਗੇ। ਇਹ, ਇਹ ਯਕੀਨੀ ਬਣਾਉਣ ਲਈ ਕੀਤਾ ਜਾਂਦਾ ਹੈ ਕਿ ਸੇਵਾਵਾਂ ਲਚਕਦਾਰ ਹਨ ਅਤੇ ਬਦਲਦੀਆਂ ਲੋੜਾਂ ਦੇ ਜਵਾਬ ਵਿੱਚ ਐਡਜਸਟ ਕੀਤੀਆਂ ਜਾਂਦੀਆਂ ਹਨ।

## ਫੈਮਲੀ ਕਨੈਕਸ਼ਨ ਸੈਂਟਰ

ਫੈਮਲੀ ਕਨੈਕਸ਼ਨ ਸੈਂਟਰ (FCCs) ਕੰਟਰੈਕਟਡ ਕਮਿਊਨਿਟੀ ਏਜੰਸੀਆਂ ਹਨ ਜੋ ਪੂਰੇ ਸੂਬੇ ਵਿੱਚ ਸਥਿਤ ਹੋਣਗੀਆਂ ਅਤੇ ਉਨ੍ਹਾਂ ਦਾ ਮਕਸਦ ਹਰੇਕ ਭੂਗੋਲਿਕ ਖੇਤਰ ਵਿੱਚ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਨੂੰ ਸਵੈ-ਇੱਛਤ ਸਹਾਇਤਾ ਸੇਵਾਵਾਂ ਪ੍ਰਦਾਨ ਕਰਨਾ ਹੈ। ਉਹ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੋਣਗੇ ਕਿ ਦਿਹਾਤੀ ਅਤੇ ਰਿਮੋਟ ਭਾਈਚਾਰਿਆਂ ਦੇ ਨਾਲ-ਨਾਲ ਵੱਡੇ ਆਬਾਦੀ ਕੇਂਦਰਾਂ ਦੀ ਸੇਵਾਵਾਂ ਤੱਕ ਪਹੁੰਚ ਹੋਵੇ। ਉਹ ਇਹ ਆਊਟਰੀਚ (ਜਿਵੇਂ ਕਿ ਇਨ-ਹੋਮ ਜਾਂ ਇਨ-ਕਮਿਊਨਿਟੀ ਸੇਵਾਵਾਂ), ਵਰਚੁਅਲ ਸੇਵਾ, ਅਤੇ FCC ਭੌਤਿਕ ਸਥਾਨਾਂ 'ਤੇ ਸੇਵਾ ਰਾਹੀਂ ਕਰਨਗੇ। ਭੌਤਿਕ ਸਥਾਨਾਂ ਵਿੱਚ ਖੇਤਰ ਵਿੱਚ ਪਰਿਵਾਰਾਂ ਦੀਆਂ ਲੋੜਾਂ ਨੂੰ ਵਧੀਆ ਢੰਗ ਨਾਲ ਪੂਰਾ ਕਰਨ ਲਈ ਕੇਂਦਰੀ ਸਥਾਨ ਅਤੇ ਸੈਟੇਲਾਈਟ ਸਥਾਨ ਸ਼ਾਮਲ ਹੋ ਸਕਦੇ ਹਨ।

FCC ਦੋ ਮੁੱਖ ਕਿਸਮ ਦੀਆਂ ਸੇਵਾਵਾਂ ਪ੍ਰਦਾਨ ਕਰਨਗੇ; ਵਿਕਾਸ ਸੰਬੰਧੀ ਸੇਵਾਵਾਂ ਅਤੇ ਟੀਚਾ ਕੇਂਦਰਿਤ ਸੇਵਾਵਾਂ।

1) **ਵਿਕਾਸ ਸੰਬੰਧੀ ਸੇਵਾਵਾਂ** ਵਿੱਚ ਸਿੱਖਿਆ ਅਤੇ ਮਾਰਗਦਰਸ਼ਨ ਸ਼ਾਮਲ ਹੈ, ਜਿਸ ਵਿੱਚ ਅਬਾਉਟ ਮਾਏ ਚਾਇਲਡ/ਅਬਾਉਟ ਮੀ ਟੂਲ, ਵਿਕਾਸ ਸੰਬੰਧੀ ਸਕ੍ਰੀਨਿੰਗ, ਅਤੇ ਵਿਕਾਸ ਸੰਬੰਧੀ ਨਿਗਰਾਨੀ ਸ਼ਾਮਲ ਹਨ। ਇਹ ਸੇਵਾਵਾਂ FCC ਨਾਲ ਜੁੜਨ ਵਾਲੇ ਕਿਸੇ ਵੀ ਵਿਅਕਤੀ ਲਈ ਉਪਲਬਧ ਹਨ।

   *ਅਬਾਉਟ ਮਾਏ ਚਾਇਲਡ/ ਅਬਾਉਟ ਮੀ (About My Child/About Me)*

   ਅਬਾਉਟ ਮਾਏ ਚਾਇਲਡ/ਅਬਾਉਟ ਮੀ ਵਰਣਨਯੋਗ ਟੂਲ ਹਨ ਜੋ ਪਰਿਵਾਰਾਂ ਨੂੰ ਉਹਨਾਂ ਦੀਆਂ ਚਿੰਤਾਵਾਂ ਜਾਂ ਸਵਾਲਾਂ 'ਤੇ FCC ਸਟਾਫ ਨਾਲ ਚਰਚਾ ਕਰਨ, ਉਹਨਾਂ ਦੇ ਸੰਦਰਭ ਦਾ ਵਰਣਨ ਕਰਨ, ਅਤੇ ਉਹਨਾਂ ਦੇ ਬੱਚੇ ਜਾਂ ਨੌਜਵਾਨ ਦੀਆਂ ਸ਼ਕਤੀਆਂ ਅਤੇ ਲੋੜਾਂ ਨੂੰ ਸਾਂਝਾ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਇਹ ਟੂਲ ਇੱਕ ਸ਼ੁਰੂਆਤੀ ਇਨਟੇਕ ਪ੍ਰਸ਼ਨਾਵਲੀ ਹਨ ਜੋ ਪਰਿਵਾਰ ਨਾਲ ਪੂਰੀ ਕੀਤੀ ਜਾਂਦੀ ਹੈ ਅਤੇ ਇੱਕ FCC 'ਤੇ ਸੇਵਾਵਾਂ ਤੱਕ ਪਹੁੰਚ ਕਰਨ ਲਈ **ਲਾਜ਼ਮੀ ਨਹੀਂ** ਹਨ। ਟੂਲ FCC ਸਟਾਫ਼ ਅਤੇ ਪਰਿਵਾਰਾਂ ਨੂੰ ਉਹਨਾਂ ਦੀ ਸਹਾਇਤਾ ਲਈ ਅਗਲੇ ਕਦਮਾਂ ਨੂੰ ਨਿਰਧਾਰਤ ਕਰਨ ਵਿੱਚ ਮਦਦ ਕਰਦੇ ਹਨ।

   *ਵਿਕਾਸ ਸੰਬੰਧੀ ਨਿਗਰਾਨੀ*

   ਵਿਕਾਸ ਸੰਬੰਧੀ ਨਿਗਰਾਨੀ ਕਿਸੇ ਵੀ ਬੱਚੇ ਜਾਂ ਨੌਜਵਾਨ ਅਤੇ ਉਹਨਾਂ ਦੇ ਪਰਿਵਾਰ ਲਈ ਹੈ ਜਿੱਥੇ ਵਿਕਾਸ ਸੰਬੰਧੀ ਦੇਰੀ ਦੀ ਚਿੰਤਾ ਹੈ ਜਾਂ ਜੇ FCC ਸਟਾਫ ਨਾਲ ਗੱਲਬਾਤ ਰਾਹੀਂ ਦੇਰੀ ਨੂੰ ਉਜਾਗਰ ਕੀਤਾ ਗਿਆ ਹੈ। ਵਿਕਾਸ ਸੰਬੰਧੀ ਨਿਗਰਾਨੀ ਪਰਿਵਾਰਾਂ ਲਈ ਚੱਲ ਰਹੇ ਚੈਕ ਪੁਆਇੰਟਾਂ ਦੀ ਪੇਸ਼ਕਸ਼ ਕਰਦੀ ਹੈ, ਇਸ ਲਈ ਉਹਨਾਂ ਦੇ ਬੱਚੇ ਦੇ ਵੱਡੇ ਹੋਣ ਦੇ ਦੌਰਾਨ ਉਹਨਾਂ ਨੂੰ ਸੈਂਟਰ ਦੁਆਰਾ ਨਿਯਮਿਤ ਤੌਰ 'ਤੇ ਸਹਾਇਤਾ ਦਿੱਤੀ ਜਾਂਦੀ ਹੈ। ਇਹ ਨਵੀਆਂ ਸੇਵਾਵਾਂ ਨਾਲ ਸਮੇਂ ਸਿਰ ਕਨੈਕਸ਼ਨਾਂ ਅਤੇ ਚੱਲ ਰਹੀਆਂ ਸੇਵਾਵਾਂ ਵਿੱਚ ਤਬਦੀਲੀਆਂ ਦੀ ਆਗਿਆ ਦਿੰਦਾ ਹੈ। ਵਿਕਾਸ ਸੰਬੰਧੀ ਨਿਗਰਾਨੀ ਪਰਿਵਾਰਾਂ ਨੂੰ ਫੀਡਬੈਕ ਸਾਂਝਾ ਕਰਨ ਅਤੇ ਜਾਣਕਾਰੀ ਤੱਕ ਪਹੁੰਚਣ ਦੇ ਮੌਕੇ ਵੀ ਪ੍ਰਦਾਨ ਕਰਦੀ ਹੈ।

2) **ਟੀਚਾ ਕੇਂਦਰਿਤ ਸੇਵਾਵਾਂ** ਵਿੱਚ ਟੀਚਾ ਵਿਕਾਸ, ਸਹਾਇਤਾ ਯੋਜਨਾਬੰਦੀ, ਪਰਿਵਾਰਕ ਸਹਾਇਤਾ, ਵਿਹਾਰ ਅਤੇ ਹੁਨਰ ਨਿਰਮਾਣ ਸਹਾਇਤਾ, ਦਖਲਾਂ, ਇਲਾਜ, ਮਾਨਸਿਕ ਸਿਹਤ ਸਹਾਇਤਾ ਅਤੇ ਕਲੀਨਿਕਲ ਮਾਨਸਿਕ ਸਿਹਤ ਸਹਾਇਤਾ ਸ਼ਾਮਲ ਹਨ। *ਮਾਨਸਿਕ ਸਿਹਤ ਸਹਾਇਤਾ*ਪਰਿਵਾਰਕ ਸਹਾਇਤਾ, ਵਿਵਹਾਰ ਸਹਾਇਤਾ, ਅਤੇ FCC ਸਟਾਫ ਦੁਆਰਾ ਪੇਸ਼ ਕੀਤੀਆਂ ਜਾਣ ਵਾਲੀਆਂ ਵਿਦਿਅਕ ਸੇਵਾਵਾਂ ਵਿੱਚ ਸ਼ਾਮਲ ਹਨ। ਇਹ ਸੇਵਾਵਾਂ 0-19 ਸਾਲ ਦੀ ਉਮਰ ਦੇ ਬੱਚਿਆਂ ਅਤੇ ਨੌਜਵਾਨਾਂ ਲਈ ਸਮਾਜਿਕ ਅਤੇ ਭਾਵਨਾਤਮਕ ਤੰਦਰੁਸਤੀ ਸਮੇਤ ਸਮੁੱਚੇ ਵਿਕਾਸ ਨੂੰ ਸੰਬੋਧਿਤ ਕਰਦੀਆਂ ਹਨ।

   ਜਦੋਂ ਇੱਕ ਪਰਿਵਾਰ ਇੱਕ ਤੋਂ ਵੱਧ ਟੀਚੇ ਕੇਂਦਰਿਤ ਸੇਵਾਵਾਂ ਤੱਕ ਪਹੁੰਚਦਾ ਹੈ, ਤਾਂ ਉਹ ਪ੍ਰਾਇਮਰੀ ਸਹਾਇਤਾ ਕੋਆਰਡੀਨੇਟਰ ਦੀ ਮਦਦ ਨਾਲ ਸਹਾਇਤਾ ਯੋਜਨਾਬੰਦੀ ਤੱਕ ਪਹੁੰਚ ਸਕਦੇ ਹਨ।

   *ਸਹਾਇਤਾ ਯੋਜਨਾਬੰਦੀ*

   ਸਹਾਇਤਾ ਯੋਜਨਾਵਾਂ ਬੱਚਿਆਂ ਜਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਨਾਲ ਇੱਕ ਪਰਿਵਾਰ ਅਤੇ ਵਿਅਕਤੀ-ਕੇਂਦਰਿਤ ਯੋਜਨਾਬੰਦੀ ਪਹੁੰਚ ਦੀ ਵਰਤੋਂ ਕਰਦੇ ਹੋਏ ਸਹਿਯੋਗੀ ਤੌਰ 'ਤੇ ਵਿਕਸਤ ਕੀਤੀਆਂ ਜਾਂਦੀਆਂ ਹਨ। ਸਹਾਇਤਾ ਯੋਜਨਾਵਾਂ ਵਿੱਚ ਇੱਕ ਬੱਚੇ ਜਾਂ ਨੌਜਵਾਨ ਦੇ ਸਮਰਥਨ ਦੇ ਸਰਕਲ ਦੇ ਯੋਗਦਾਨ ਅਤੇ ਉਹਨਾਂ ਦੁਆਰਾ ਸਹਾਇਤਾ ਅਤੇ ਸੇਵਾਵਾਂ ਪ੍ਰਦਾਨ ਕਰਨ ਵਾਲੇ ਪੇਸ਼ੇਵਰਾਂ ਨਾਲ ਵਿਕਸਿਤ ਕੀਤੇ ਟੀਚਿਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਹਰੇਕ ਪੇਸ਼ੇਵਰ ਇਹ ਯਕੀਨੀ ਬਣਾਉਣ ਲਈ ਕਿ ਇਹਨਾਂ ਵਿੱਚੋਂ ਹਰੇਕ ਸੇਵਾ ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸਦਮੇ ਤੋਂ ਸੂਚਿਤ, ਅਤੇ ਅਰਥਪੂਰਨ ਹੈ, ਬੱਚੇ ਜਾਂ ਨੌਜਵਾਨ, ਉਹਨਾਂ ਦੇ ਪਰਿਵਾਰ ਅਤੇ ਉਹਨਾਂ ਦੇ ਸਮਰਥਨ ਦੇ ਸਰਕਲ ਨਾਲ ਮਜ਼ਬੂਤ ਰਿਸ਼ਤੇ ਬਣਾਉਣ ਅਤੇ ਸਹਿਯੋਗ ਕਰਨ ਲਈ ਕੰਮ ਕਰੇਗਾ।

ਸੇਵਾਵਾਂ ਦੀ ਨਿਰੰਤਰ ਡਿਲੀਵਰੀ ਨੂੰ ਯਕੀਨੀ ਬਣਾਉਣ ਲਈ, ਇੱਕ FCC ਅਤੇ ਇਸਦੇ ਸੈਟੇਲਾਈਟ ਜਾਂ ਉਪ-ਠੇਕੇਦਾਰ ਸਹਾਇਤਾ ਸੰਬੰਧੀ ਲੋੜਾਂ ਨੂੰ ਨਿਰਧਾਰਤ ਕਰਨ ਲਈ MCFD ਦੁਆਰਾ ਮੁਹੱਈਆ ਕੀਤੇ ਗਏ ਜਾਣਕਾਰੀ ਪਲੇਟਫਾਰਮ, ਅਤੇ ਨਾਲ ਹੀ ਇੱਕਸਾਰ ਮਾਪਦੰਡਾਂ ਦੀ ਵਰਤੋਂ ਕਰਨਗੇ। FCC ਅਤੇ ਸੈਟੇਲਾਈਟ ਬੱਚਿਆਂ, ਨੌਜਵਾਨਾਂ, ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਨ ਲਈ ਵਿਆਪਕ ਨੀਤੀਆਂ, ਜਾਰਡਨ ਦੇ ਸਿਧਾਂਤ, ਅਤੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਨਗੇ।

## ਅਪੰਗਤਾ ਸੇਵਾਵਾਂ

ਜਦੋਂ ਇੱਕ ਬੱਚੇ ਜਾਂ ਨੌਜਵਾਨ ਦੀਆਂ ਲੰਮੇਂ ਸਮੇਂ ਦੀਆਂ ਪਛਾਣ ਕੀਤੀਆਂ ਗਈਆਂ ਕਾਰਜਾਤਮਕ ਲੋੜਾਂ ਅਤੇ/ਜਾਂ ਲੰਬੇ ਸਮੇਂ ਦੀ ਅਪੰਗਤਾ ਹੈ ਤਾਂ ਉਹ MCFD ਅਪੰਗਤਾ ਸੇਵਾਵਾਂ ਲਈ ਯੋਗ ਹੋ ਸਕਦੇ ਹਨ। ਇਹ ਮੰਤਰਾਲੇ ਦੁਆਰਾ ਡਿਲਿਵਰ ਕੀਤੀ ਜਾਣ ਵਾਲੀ ਸਵੈਇੱਛਤ ਸਹਾਇਤਾ ਹੈ। ਅਪੰਗਤਾ ਸੇਵਾਵਾਂ ਵਿੱਚ ਸ਼ਾਮਲ ਹਨ:

1) **ਸਹਾਇਤਾ ਯੋਜਨਾਬੰਦੀ ਅਤੇ ਤਾਲਮੇਲ:** CYSN ਵਰਕਰ (MCFD ਦੁਆਰਾ ਅਪੰਗਤਾ ਸੇਵਾਵਾਂ ਪ੍ਰਦਾਨ ਕਰਨ ਲਈ ਨਿਯੁਕਤ ਇੱਕ ਪੇਸ਼ੇਵਰ) ਪ੍ਰਾਇਮਰੀ ਸਹਾਇਤਾ ਕੋਆਰਡੀਨੇਟਰ ਵਜੋਂ ਕੰਮ ਕਰਦਾ ਹੈ ਜਦੋਂ ਇੱਕ ਬੱਚਾ ਜਾਂ ਨੌਜਵਾਨ ਅਤੇ ਪਰਿਵਾਰ ਅਪਾਹਜਤਾ ਸੇਵਾਵਾਂ ਤੱਕ ਪਹੁੰਚ ਰਹੇ ਹੁੰਦੇ ਹਨ। CYSN ਵਰਕਰ ਪੇਸ਼ੇਵਰਾਂ ਅਤੇ ਮਾਨੀਟਰਾਂ ਨਾਲ ਯੋਜਨਾਬੰਦੀ/ਸਮੀਖਿਆ ਮੀਟਿੰਗਾਂ ਦਾ ਤਾਲਮੇਲ ਵੀ ਕਰਦਾ ਹੈ ਅਤੇ ਕੰਨਟ੍ਰੈਕਟਿਡ ਸਹਾਇਤਾ ਦੇ ਪ੍ਰਬੰਧ ਦਾ ਮੁਲਾਂਕਣ ਕਰਦਾ ਹੈ।

2) **ਪਰਿਵਾਰਾਂ ਲਈ ਰਾਹਤ ਸਹਾਇਤਾ;**
3) **ਪਾਲਣ-ਪੋਸ਼ਣ ਅਤੇ ਪੇਸ਼ੇਵਰ ਸਹਾਇਤਾ**।

## ਸੂਬਾਈ ਸੇਵਾਵਾਂ

ਇਹ ਸੇਵਾਵਾਂ ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਪਰਿਵਾਰਾਂ ਨੂੰ ਹੋਰ ਸੇਵਾਵਾਂ ਤੱਕ ਪਹੁੰਚ ਕਰਨ ਲਈ ਸਹਾਇਤਾ ਕਰਨ ਅਤੇ ਸਮਰੱਥ ਬਣਾਉਣ ਲਈ ਹਨ। ਉਹ ਖਾਸ ਸੇਵਾਵਾਂ ਵੀ ਹਨ ਜੋ ਸਹਾਇਤਾ ਯੋਜਨਾਵਾਂ ਵਿੱਚ ਸ਼ਾਮਲ ਕੀਤੀਆਂ ਜਾ ਸਕਦੀਆਂ ਹਨ। ਇਹ ਸੇਵਾਵਾਂ ਹਨ:

1) **ਜਾਣਕਾਰੀ ਸੇਵਾਵਾਂ** ਜਨਤਾ ਦੇ ਸਾਰੇ ਮੈਂਬਰਾਂ ਲਈ (ਸੇਵਾ ਪ੍ਰਦਾਤਾਵਾਂ ਸਮੇਤ);
2) **ਅਡੈਪਟਿਵ ਅਤੇ ਗਤੀਸ਼ੀਲਤਾ ਉਪਕਰਨ ਅਤੇ ਬਾਇਓਮੈਡੀਕਲ ਸਾਜ਼ੋ-ਸਾਮਾਨ ਅਤੇ ਸਪਲਾਈਆਂ** ਯੋਗ ਬੱਚਿਆਂ ਅਤੇ ਨੌਜਵਾਨਾਂ ਨੂੰ ਉਹਨਾਂ ਦੀਆਂ ਕਾਰਜਾਤਮਕ ਲੋੜਾਂ ਨੂੰ ਪੂਰਾ ਕਰਨ 'ਤੇ ਧਿਆਨ ਕੇਂਦ੍ਰਤ ਕਰਦੇ ਹੋਏ ਪ੍ਰਦਾਨ ਕੀਤੀਆਂ ਜਾਂਦੀਆਂ ਹਨ;
3) ਯੋਗ ਬੱਚਿਆਂ ਅਤੇ ਨੌਜਵਾਨਾਂ ਲਈ **ਸਿਹਤ ਲਾਭ**
4) **ਯੁਵਾ ਪਰਿਵਰਤਨ ਸਲਾਹ** ਅਤੇ ਜਾਣਕਾਰੀ;
5) **ਬੋਲ਼ੇ ਅਤੇ ਸੁਣਨ ਵਿੱਚ ਮੁਸ਼ਕਲ ਸੰਬੰਧੀ ਸੇਵਾਵਾਂ**; ਅਤੇ
6) ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਲਈ ਸੇਵਾਵਾਂ ਲਈ **ਸੂਬਾਈ ਇਕਰਾਰਨਾਮਾ ਪ੍ਰਬੰਧਨ**।

# ਨਤੀਜੇ

ਇਹ ਸੇਵਾ ਫਰੇਮਵਰਕ ਸਹਾਇਤਾ ਸੰਬੰਧੀ ਲੋੜਾਂ ਵਾਲੇ ਬੱਚਿਆਂ ਅਤੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਪਹੁੰਚਯੋਗ, ਉੱਚ ਗੁਣਵੱਤ ਵਾਲੀ, ਸੱਭਿਆਚਾਰਕ ਤੌਰ 'ਤੇ ਸੁਰੱਖਿਅਤ, ਸਦਮੇ ਤੋਂ ਸੂਚਿਤ ਅਤੇ ਪ੍ਰਭਾਵੀ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਵੱਡੇ ਸਹਿਯੋਗੀ ਯਤਨ ਦੇ ਇੱਕ ਹਿੱਸੇ ਨੂੰ ਦਰਸਾਉਂਦਾ ਹੈ। ਫੈਮਲੀ ਕਨੈਕਸ਼ਨ ਸੈਂਟਰ, ਅਪੰਗਤਾ ਸੇਵਾਵਾਂ, ਅਤੇ ਸੂਬਾਈ ਸੇਵਾਵਾਂ, ਬੱਚਿਆਂ, ਨੌਜਵਾਨਾਂ, ਅਤੇ ਉਹਨਾਂ ਦੇ ਪਰਿਵਾਰਾਂ ਲਈ ਉਹਨਾਂ ਦੀਆਂ ਵਿਅਕਤੀਗਤ ਲੋੜਾਂ ਅਤੇ ਤਰਜੀਹਾਂ, ਉਹਨਾਂ ਦੇ ਸਮਰਥਨ ਦੇ ਸਰਕਲ ਅਤੇ ਉਹਨਾਂ ਦੇ ਭਾਈਚਾਰਿਆਂ ਦੇ ਸੰਦਰਭ ਵਿੱਚ ਸਭ ਤੋਂ ਵਧੀਆ ਸੰਭਵ ਸਹਾਇਤਾ ਪ੍ਰਦਾਨ ਕਰਨ ਲਈ ਮਿਲ ਕੇ ਕੰਮ ਕਰਨਗੇ।

ਜਿਵੇਂ ਕਿ ਸ਼ਮੂਲੀਅਤ ਜਾਰੀ ਰਹਿੰਦੀ ਹੈ, ਸੇਵਾ ਫਰੇਮਵਰਕ ਅਤੇ ਸੇਵਾ ਵਰਣਨ ਵਧਣਗੇ ਅਤੇ ਫੀਡਬੈਕ ਅਤੇ ਇਨਪੁੱਟ ਨੂੰ ਦਰਸਾਉਣ ਲਈ ਬਦਲਣਗੇ। ਅਸੀਂ ਹੁਣ ਤੱਕ ਸਾਡੇ ਨਾਲ ਕੀਤੇ ਸਾਰੇ ਕੰਮ ਲਈ ਪਰਿਵਾਰਾਂ ਅਤੇ ਸਹਿਭਾਗੀਆਂ ਦੇ ਸ਼ੁਕਰਗੁਜ਼ਾਰ ਹਾਂ, ਅਤੇ ਅਸੀਂ ਦਿੱਤੇ ਗਏ ਸਾਰੇ ਇਨਪੁੱਟ ਅਤੇ ਹੁਣ ਅਤੇ ਭਵਿੱਖ ਵਿੱਚ ਕੀਤੇ ਜਾ ਰਹੇ ਕੰਮ ਲਈ ਧੰਨਵਾਦੀ ਹਾਂ।